



# ਡਾ. ਹਰਿਭਜਨ ਸਿੰਘ ਦਾ ਸਾਹਿਤ ਚਿੰਤਨ

## ਰਚਨਾ-ਸੰਰਚਨਾ ਤੋਂ ਵਿਰਚਨਾ ਤਕ



**ਡਾ. ਆਤਮ ਸਿੰਘ ਰੰਧਾਵਾ**
ਐਸੋਸੀਏਟ ਪ੍ਰੋਫ਼ੈਸਰ ਤੇ ਮੁਖੀ
ਪੰਜਾਬੀ ਅਧਿਐਨ ਵਿਭਾਗ
ਖ਼ਾਲਸਾ ਕਾਲਜ
ਅੰਮ੍ਰਿਤਸਰ
98722-17273
atamrandhawa@yahoo.com

ਜਦੋਂ ਡਾ. ਹਰਿਭਜਨ ਸਿੰਘ ਦੀ ਆਲੋਚਨਾ ਦਾ ਉਦੈ ਹੁੰਦਾ ਹੈ ਤਾਂ ਉਦੋਂ ਪੰਜਾਬੀ ਆਲੋਚਨਾ ਦੇ ਖੇਤਰ ਵਿਚ ਮਾਰਕਸਵਾਦੀ/ਪ੍ਰਗਤੀਵਾਦੀ ਆਲੋਚਨਾ ਨੇ ਆਪਣੇ ਤੋਂ ਪੂਰਬਲੀ ਆਲੋਚਨਾ ਧਾਰਾ ਨੂੰ ਪੂਰੀ ਤਰ੍ਹਾਂ ਵਿਸਥਾਪਤ ਕਰ ਦਿੱਤਾ ਸੀ ਅਤੇ ਆਪਣੀ ਸਰਦਾਰੀ ਸਥਾਪਤ ਕਰ ਲਈ ਸੀ। ਇਹ ਪੂਰਬਲੀ ਆਲੋਚਨਾ ਪੰਜਾਬੀ ਜਗਤ ਵਿਚ ਸਾਹਿਤ ਸੰਬੰਧੀ ਆਧਾਰ ਸਮੱਗਰੀ ਇਕੱਠੀ ਕਰਨ, ਉਸਨੂੰ ਵਰਗੀਕ੍ਰਿਤ ਕਰਨ ਅਤੇ ਉਸ ਸਾਹਿਤ (ਜਾਂ ਸਾਹਿਤਕਾਰਾਂ) ਦੀ ਸ਼ਰਧਾਮੂਲਕ, ਉਮਾਹਭਾਵੀ ਅਤੇ ਗੈਰ-ਵਿਵਸਥਿਤ ਵਿਆਖਿਆ ਦੇ ਰੂਪ ਵਿਚ ਸਿਆਣੀ ਜਾਂਦੀ ਰਹੀ। ਭਾਵੇਂ ਇਸ ਆਲੋਚਨਾ ਵਿਚ ਡਾ. ਮੋਹਨ ਸਿੰਘ ਦੀਵਾਨਾ (**ਆਧੁਨਿਕ ਪੰਜਾਬੀ ਕਵਿਤਾ**-1941) ਤੇ ਡਾ. ਗੋਪਾਲ ਸਿੰਘ ਦਰਦੀ (**ਸਾਹਿਤ ਦੀ ਪਰਖ**-1950) ਦੀਆਂ ਪੁਸਤਕਾਂ ਦਾ ਗੌਲਣਯੋਗ ਯੋਗਦਾਨ ਰਿਹਾ ਹੈ ਪਰ ਪ੍ਰੋ. ਸੰਤ ਸਿੰਘ ਸੇਖੋਂ ਦੀ ਪੰਜਾਬੀ ਆਲੋਚਨਾ ਦੇ ਖੇਤਰ ਵਿਚ ਆਮਦ (ਸਾਹਿਤਿਆਰਥ-1957) ਨਾਲ ਮਾਰਕਸਵਾਦੀ ਪੰਜਾਬੀ ਆਲੋਚਨਾ ਦਾ ਅਜਿਹਾ ਆਗਾਜ਼ ਹੁੰਦਾ ਹੈ ਜਿਸ ਨਾਲ ਇਹ ਦ੍ਰਿਸ਼ ਬਦਲਦਾ ਹੈ। ਮੈਟਾ-ਆਲੋਚਕਾਂ ਨੇ ਇਸ ਆਲੋਚਨਾ ਨੂੰ ਪੰਜਾਬੀ ਵਿਚ ਵਿਧੀਵਤ ਤੇ ਯੋਜਨਾਬੱਧ ਆਲੋਚਨਾ ਦਾ ਆਰੰਭ ਮੰਨਿਆਂ ਹੈ। ਡਾ. ਹਰਿਭਜਨ ਸਿੰਘ ਵੀ ਇਸ ਧਾਰਨਾ ਨੂੰ ਪੁਸ਼ਟ ਕਰਦੇ ਹਨ:

> ਸੰਤ ਸਿੰਘ ਸੇਖੋਂ ਦੀ ਸਾਹਿਤਿਆਰਥ ਪੰਜਾਬੀ ਵਿਚ ਪਹਿਲੀ ਉਲੇਖਯੋਗ ਮੌਲਿਕ ਕ੍ਰਿਤ ਹੈ ਜਿਸਨੇ ਸਾਹਿਤ ਦੀ ਪ੍ਰਕਿਰਿਆ ਨੂੰ ਸਿਧਾਂਤਕ ਪੱਧਰ ਉੱਪਰ ਸਮਝਣ ਦਾ ਯਤਨ ਕੀਤਾ।[1]

ਇਸ ਤੋਂ ਬਾਅਦ ਡਾ. ਅਤਰ ਸਿੰਘ, ਪ੍ਰੋ. ਕਿਸ਼ਨ ਸਿੰਘ ਤੇ ਹੋਰ ਆਲੋਚਕਾਂ ਨੇ ਪੰਜਾਬੀ ਖੇਤਰ ਵਿਚ ਮਾਰਕਸਵਾਦੀ ਆਲੋਚਨਾ ਨੂੰ ਸਿਖਰ 'ਤੇ ਪਹੁੰਚਾਇਆ ਅਤੇ ਇਸ ਆਲੋਚਨਾ ਨੇ ਆਪਣੀ ਧਾਂਕ ਜਮਾ ਲਈ। ਮਾਰਕਸਵਾਦੀ ਪੰਜਾਬੀ ਆਲੋਚਨਾ ਦੀ ਸਰਦਾਰੀ ਦੇ ਵਿਸਥਾਪਨ ਦਾ ਆਰੰਭ ਡਾ. ਹਰਿਭਜਨ ਸਿੰਘ ਦੀ ਆਮਦ ਨਾਲ ਹੁੰਦਾ ਹੈ।

ਡਾ. ਹਰਿਭਜਨ ਸਿੰਘ ਮਾਰਕਸਵਾਦੀ ਪੰਜਾਬੀ ਆਲੋਚਨਾ ਦੀ ਸਰਦਾਰੀ ਨੂੰ **ਅਧਿਅਨ ਤੇ ਅਧਿਆਪਨ** (1970) ਨਾਲ ਵਿਸਥਾਪਤ ਕਰਨ ਦਾ ਆਗਾਜ਼ ਕਰਦੇ ਹਨ। ਉਹ ਪੂਰਬੀ ਤੇ ਪੱਛਮੀ ਕਾਵਿ-ਸ਼ਾਸਤਰੀ ਸੰਗਮ 'ਚੋ ਇਕ ਨਵੀਂ ਕਿਸਮ ਦੀ ਆਲੋਚਨਾਤਮਕ ਸ਼ਬਦਾਵਲੀ, ਮੁਹਾਵਰਾ ਅਤੇ ਸਾਹਿਤ ਵਿਸ਼ਲੇਸ਼ਣ ਦੀ ਵਿਧੀ ਸਿਰਜਣ ਦੀ ਵਕਾਲਤ ਕਰਦੇ ਹਨ ਜੋ ਸਾਹਿਤਕ ਕਿਰਤ ਨੂੰ ਆਪਣੇ ਆਪ ਵਿਚ ਸੰਪੂਰਨ ਹੋਂਦ ਮੰਨ ਕੇ ਅਧਿਐਨ ਕਰਦੀ ਹੈ। ਸਾਹਿਤਕ ਕਿਰਤ ਨੂੰ ਗੈਰ-ਸਾਹਿਤਕ ਸ਼ਕਤੀਆਂ ਤੋਂ ਮੁਕਤ ਰੱਖ ਕੇ ਇਸਦੇ ਆਪਣੇ ਸੰਗਠਨ ਵਿਚੋਂ ਸਿਧਾਂਤ ਵਿਧੀ ਦੀ ਖੋਜ ਲਈ ਯਤਨਸ਼ੀਲ ਇਹ ਆਲੋਚਨਾ ਸੰਰਚਨਾਵਾਦੀ ਵਿਧੀ ਦੇ ਨੇੜੇ ਹੈ। ਇਸ

ਤੋਂ ਇਲਾਵਾ ਇਹ ਆਲੋਚਨਾ ਮਨੋ-ਵਿਸ਼ਲੇਸ਼ਣ, ਸੰਗਠਨਵਾਦੀ ਮਨੋ-ਵਿਸ਼ਲੇਸ਼ਣ ਤੇ ਅਮਰੀਕੀ ਨਵ-ਆਲੋਚਨਾ ਦੇ ਸੰਕਲਪਾਂ (ਤਣਾਓ, ਵਿਰੋਧਾਭਾਸ, ਵਿੱਟ, ਵਿਅੰਗ, ਬਣਤਰ ਤੇ ਬੁਣਤੀ ਆਦਿ) ਰਾਹੀਂ ਵੀ ਸਾਹਿਤਕ ਕਿਰਤਾਂ ਦਾ ਅਧਿਐਨ, ਅਧਿਆਪਨ ਤੇ ਸਾਹਿਤ ਇਤਿਹਾਸਕਾਰੀ ਕਰਨ ਵੱਲ ਰੁਚਿਤ ਹੈ।

ਇਸੇ ਆਲੋਚਨਾਤਮਕ ਮੁਹਾਵਰੇ ਵਿਚ ਉਨ੍ਹਾਂ ਦੀ ਦੂਜੀ ਪੁਸਤਕ **ਮੂਲ ਤੇ ਮੂਲੰਕਣ** (1972) ਪ੍ਰਕਾਸ਼ਿਤ ਹੁੰਦੀ ਹੈ। ਇਸ ਵਿਚ ਵੀ ਉਹ 'ਕਿਰਤ ਦੇ ਸੱਚ ਨੂੰ ਕਿਰਤ ਦੇ ਅੰਦਰੂਨੀ ਸੰਗਠਨ'[2] ਵਿਚੋਂ ਅਤੇ 'ਰਚਨਾ ਦੇ ਬਾਹਰਲੇ ਵੇਰਵਿਆਂ ਤੇ ਵਿਸ਼ਵਾਸ਼ਾਂ ਨੂੰ ਬੇਲੋੜਾ' ਦਰਸਾਉਂਦੇ ਹੋਏ ਆਦਿਕਾਲੀ ਤੇ ਮੱਧਕਾਲੀ ਸਾਹਿਤ (ਰਿਗਵੇਦ, ਪੁਰਾਤਨ ਜਨਮਸਾਖੀ, ਫ਼ਰੀਦਬਾਣੀ ਤੇ ਸੂਫ਼ੀ ਕਾਵਿ) ਨੂੰ ਰੂਪਵਾਦੀ-ਸੰਰਚਨਾਵਾਦੀ ਦ੍ਰਿਸ਼ਟੀ ਤੋਂ ਅਧਿਐਨ ਅਧੀਨ ਲਿਆਉਂਦੇ ਹਨ। ਇਸੇ ਪ੍ਰਵਾਹ ਵਿਚ **ਸਾਹਿਤ-ਸ਼ਾਸਤਰ** (1973) ਪ੍ਰਕਾਸ਼ਿਤ ਹੁੰਦੀ ਹੈ। ਇਸ ਵਿਚ ਉਨ੍ਹਾਂ ਨੇ ਪੱਛਮ ਆਧਾਰਿਤ ਨਵੇਂ ਕਾਵਿ-ਸ਼ਾਸਤਰੀ ਸੰਕਲਪਾਂ ਅਤੇ ਅੰਤਰ-ਅਨੁਸ਼ਾਸਨੀ ਵਿਧੀਆਂ ਦੇ ਨਵੇਂ ਪ੍ਰਤੀਮਾਨਾਂ ਨੂੰ ਸਮਝਾਉਣ ਦਾ ਯਤਨ ਕੀਤਾ ਹੈ। ਇਥੇ ਉਨ੍ਹਾਂ ਦਾ ਸਪੱਸ਼ਟ ਮਨਸ਼ਾ ਹੋਰ ਉੱਨਤ ਭਾਸ਼ਾਵਾਂ ਦੇ ਸਾਹਿਤ ਦੇ ਵਿਗਿਆਨ ਦੇ ਸਮਾਂਨੰਤਰ ਪੰਜਾਬੀ ਸਾਹਿਤ ਦਾ ਵਿਗਿਆਨ ਜਾਂ ਸਮੀਖਿਆ-ਸ਼ਾਸਤਰ ਉਸਾਰਨਾ ਹੈ। ਉਹ ਆਪਣੇ ਤੋਂ ਪੂਰਬਲੀ ਪੰਜਾਬੀ ਸਮੀਖਿਆ ਨੂੰ 'ਲੋਕ-ਆਲੋਚਨਾ' ਦੀ ਪੱਧਰ ਦੀ ਮੰਨਦੇ ਹਨ ਜੋ ਹੋਰਨਾਂ ਜ਼ੁਬਾਨਾ ਦੇ ਮੁਕਾਬਲੇ ਪਛੜੀ ਹੋਈ ਹੈ। ਉਨ੍ਹਾਂ ਅਨੁਸਾਰ 'ਜਿਥੇ ਸਮੀਖਿਆ ਉੱਨਤ ਹੈ, ਉਥੇ ਸਮੀਖਿਆ ਲਗਭਗ ਵਿਗਿਆਨ ਦਾ ਰੂਪ ਧਾਰ ਚੁੱਕੀ ਹੈ'[3]। 'ਲੋਕ-ਆਲੋਚਨਾ' ਤੋਂ ਉਨ੍ਹਾਂ ਦਾ ਭਾਵ ਜਿਸ ਆਲੋਚਨਾ ਵਿਚ ਕਿਸੇ ਰੁਚੀ ਜਾਂ ਭਾਵਨਾ ਦੇ ਸੁਰ ਬਲਵਾਨ ਹੋਣ। ਆਪਣੇ ਤੋਂ ਪੂਰਬਲੀ ਆਲੋਚਨਾ ਦੀ ਆਲੋਚਨਾ ਕਰਦਿਆਂ ਉਨ੍ਹਾਂ ਦੀ ਧਾਰਣਾ ਹੈ ਕਿ ਸੰਤ ਸਿੰਘ ਸੇਖੋਂ ਤੋਂ ਪਹਿਲਾਂ ਆਲੋਚਨਾ ਵਿਚ ਸ਼ਰਧਾ ਤੇ ਉਮਾਹ ਦੀ ਭਾਵਨਾ ਅਤੇ ਸੰਤ ਸਿੰਘ ਸੇਖੋਂ ਤੇ ਉਸ ਤੋਂ ਬਾਅਦ ਦੇ ਪੰਜਾਬੀ ਆਲੋਚਕ 'ਪ੍ਰਗਤੀਵਾਦੀ ਰੁਚੀ ਜਾਂ ਲੋਕ-ਹਿਤੂ ਭਾਵਨਾ' ਨੂੰ ਹੀ ਆਲੋਚਨਾਤਮਕ ਕਸਵੱਟੀ ਵਜੋਂ ਵਰਤਦੇ ਹਨ। ਤਤਕਾਲ ਦੀ ਸਥਾਪਿਤ ਤੇ ਪ੍ਰਮੁੱਖ ਆਲੋਚਨਾ ਪ੍ਰਣਾਲੀ ਮਾਰਕਸਵਾਦੀ ਪੰਜਾਬੀ ਆਲੋਚਨਾ ਸੰਬੰਧੀ ਉਨ੍ਹਾਂ ਦੇ ਇਹ ਵਿਚਾਰ ਹਨ:

> ਉਹ ਮਾਰਕਸੀ ਸਿਧਾਂਤ ਤੋਂ ਵਧੀਕ ਪ੍ਰਗਤੀਵਾਦੀ ਰੁਚੀ ਜਾਂ ਲੋਕ-ਹਿਤੂ ਭਾਵਨਾ ਨੂੰ ਆਲੋਚਨਾਤਮਕ ਕਸਵੱਟੀ ਵਜੋਂ ਵਰਤਦੇ ਹਨ। ਇਹ ਆਲੋਚਕ ਸਧਾਰਣ-ਬੁੱਧ (Common sense) ਅਨੁਸਾਰ ਵਿਹਾਰਕ ਆਲੋਚਨਾ ਕਰਦੇ ਹਨ ਅਤੇ ਸਿਧਾਂਤ-ਸੰਰਚਨਾ ਨਾਲ ਸਾਂਝ ਨਹੀਂ ਪਾਉਂਦੇ। ਇਨ੍ਹਾਂ ਸ਼ੇਖ ਫ਼ਰੀਦ, ਗੁਰੂ ਨਾਨਕ, ਵਾਰਸ ਆਦਿ ਸੰਬੰਧੀ ਕੁਝ ਰੁਚੀ ਆਧਾਰਿਤ ਨਿਰਣੇ ਦਿਤੇ ਹਨ, ਉਨ੍ਹਾਂ ਦੇ ਆਧਾਰ 'ਤੇ ਆਲੋਚਨਾ ਦਾ ਕੋਈ ਸਿਧਾਂਤ-ਪ੍ਰਬੰਧ ਨਿਸ਼ਚਿਤ ਨਹੀਂ ਕੀਤਾ ਜਾ ਸਕਦਾ। ਸਿਧਾਂਤ ਜਿੰਨਾ ਵੀ ਹੈ, ਸਾਹਿਤ ਬਾਹਰਾ ਹੈ, ਜਿਸ ਕਾਰਣ ਆਲੋਚਨਾ ਨਿਸਚੇਵਾਦੀ (deterministic) ਪ੍ਰਤੀਤ ਹੁੰਦੀ ਹੈ।[4]

ਇਸ ਤਰ੍ਹਾਂ ਉਹ ਤਤਕਾਲੀ ਪੰਜਾਬੀ ਆਲੋਚਨਾ ਦੀਆਂ ਸੀਮਾਵਾਂ ਪਛਾਣ ਕੇ ਪੰਜਾਬੀ ਆਲੋਚਨਾ ਦੀ ਨਿਵੇਕਲੀ ਖ਼ੁਦਮੁਖਤਾਰ ਹੋਂਦ ਨੂੰ ਉਭਾਰਨ ਦਾ ਯਤਨ ਕਰਦੇ ਹਨ। ਉਨ੍ਹਾਂ ਦੇ ਸਾਹਿਤ-ਸ਼ਾਸਤਰ ਦੇ ਨਿਵੇਕਲੇ ਸੰਕਲਪਾਤਮਕ ਢਾਂਚੇ ਵਿਚ ਲੇਖਕ ਦੀ ਮਨਸ਼ਾ, ਯੁੱਗ ਦੀ ਵਿਚਾਰਧਾਰਾ, ਪਾਠਕਾਂ ਦਾ ਪ੍ਰਭਾਵ ਜਾਂ ਹੋਰ ਬਾਹਰੀ ਸੋਮੇ ਫਿੱਟ ਨਹੀਂ ਬੈਠਦੇ। ਇਸ ਅਧਿਐਨ ਵਿਚ ਕਿਰਤ ਨੂੰ ਇਕ ਖ਼ੁਦਮੁਖਤਾਰ ਹੋਂਦ ਮੰਨ ਕੇ, ਉਸਦੀ ਸੰਰਚਨਾ ਦੇ ਅੰਦਰੂਨੀ ਤੱਤਾਂ ਦੇ ਅੰਤਰ-ਸੰਬੰਧਾਂ ਦੀ ਪਛਾਣ ਤੋਂ ਰਚਨਾ ਨੂੰ ਸਮਝਣ ਦਾ ਕੰਮ ਸ਼ੁਰੂ ਹੁੰਦਾ ਹੈ।

ਇਸੇ ਸੰਕਲਪਾਤਮਕ ਢਾਂਚੇ ਦੀ ਉਸਾਰੀ ਵਿਚ ਹੋਰ ਗੰਭੀਰ ਯਤਨ **ਪਾਰਗਾਮੀ** (1974) ਰਾਹੀਂ ਸਾਹਮਣੇ ਆਉਂਦਾ ਹੈ। ਇਸ ਵਿਚ ਉਨ੍ਹਾਂ ਨੇ ਹਰ ਉਸ ਖੇਤਰ (ਰੂਪਵਾਦੀ, ਸੰਰਚਨਾਵਾਦੀ, ਚਿਹਨ ਵਿਗਿਆਨਕ, ਸ਼ੈਲੀ ਵਿਗਿਆਨ, ਅਮਰੀਕੀ ਨਵ-ਆਲੋਚਨਾ, ਸਾਹਿਤ-ਸ਼ਾਸਤਰੀ ਤੇ ਮੈਟਾ-ਆਲੋਚਨਾ) ਵਿਚੋਂ ਉਹ ਸਾਰੀਆਂ ਅੰਤਰ-ਦ੍ਰਿਸ਼ਟੀਆਂ ਲਈਆ ਜੋ ਉਨ੍ਹਾਂ ਦੇ ਰੂਪਵਾਦੀ ਸੰਕਲਪਾਤਮਕ ਢਾਂਚੇ ਜਾਂ ਅੰਤਰੰਗ ਵਿਧੀ ਦੇ ਅਨੁਕੂਲ ਅਤੇ ਇਸ ਨੂੰ ਵਿਕਸਤ ਕਰਨ ਵਿਚ ਸਹਾਈ ਬਣ ਸਕਦੀਆਂ ਸਨ। ਇਸ ਤਰ੍ਹਾਂ ਇਸ ਪੜਾਅ 'ਤੇ ਉਨ੍ਹਾਂ ਦੀ ਆਲੋਚਨਾ ਬਹੁਤ ਸਾਰੇ ਪੱਛਮੀ ਸੰਕਲਪਾਂ; ਰਾਈਟਿੰਗ ਡਿਗਰੀ ਜ਼ੀਰੋ, ਲਿਖਣ ਸਿਧਾਂਤ, ਲੇਖਕ ਦੀ ਮੌਤ, ਪਾਠਕ ਦੀ ਅਨੁਕਿਰਿਆ, ਅੰਤਰ-ਪਾਠਤਾ ਆਦਿ ਦੁਆਲੇ ਘੁੰਮਦੀ ਹੈ। ਇਸਦੇ ਨਾਲ ਹੀ ਉਹ ਮੁੱਢ ਵੇਲੇ ਦੀ ਆਲੋਚਨਾ ਵਿਚ ਅਪਣਾਏ ਸੰਕਲਪਾਂ ਜਾਂ ਸਿਧਾਂਤਾਂ (ਤਣਾਓ, ਵਿਰੋਧਾਭਾਸ, ਵਿੱਟ, ਵਿਅੰਗ, ਰੂਪਕ, ਬਣਤਰ, ਬੁਣਤੀ, ਸਾਹਿਤ ਸਿਸਟਮ, ਵਿਗਿਆਨ, ਚਿਹਨ, ਅਜਨਬੀਕਰਨ) ਨੂੰ ਵਧੇਰੇ ਆਤਮਸਾਤ ਕਰਕੇ ਪੰਜਾਬੀ ਪਰਿਪੇਖ ਤੋਂ ਇਕ ਨਿਵੇਕਲੀ ਸਮੀਖਿਆ ਵਿਧੀ ਉਸਾਰਨ ਦੇ ਯਤਨ ਵਿਚ ਨਜ਼ਰ ਆਉਂਦੇ ਹਨ। ਪੰਜਾਬੀ

ਜਗਤ ਵਿਚ ਇਸਨੂੰ ਭਰਪੂਰ ਹੁੰਗਾਰਾ ਮਿਲਦਾ ਹੈ ਅਤੇ ਉਨ੍ਹਾਂ ਦੇ ਬਹੁਤ ਸਾਰੇ ਅਨੁਯਾਈ ਬਣਦੇ ਹਨ।

ਸਾਹਿਤ ਅਧਿਐਨ ਤੇ ਅਧਿਆਪਨ ਦੇ ਇਤਿਹਾਸ ਵਿਚ ਇਹ ਵੱਡਾ ਬਦਲਾਅ ਵਾਪਰ ਰਿਹਾ ਸੀ। ਅਜਿਹੇ ਵਿਸਥਾਪਨੀ ਬਦਲਾਅ ਨਾਲ ਵਾਦ-ਵਿਵਾਦ ਤੇ ਚਰਚਾ ਛਿੜਨੀ ਸੁਭਾਵਕ ਸੀ ਅਤੇ ਇਹ ਮਾਰਕਸਵਾਦੀ ਆਲੋਚਕਾਂ ਨੂੰ ਆਪਣੀ ਵਿਚਾਰਧਾਰਾ ਤੇ ਕੀਤੇ ਕਾਰਜਾਂ 'ਤੇ ਹਮਲਾ ਲੱਗਿਆ। ਅਸਲ ਵਿਚ ਪੰਜਾਬੀ ਸਾਹਿਤਕ ਜਗਤ ਵਿਚ ਇਸ ਵੇਲੇ ਤਕ ਮਾਰਕਸਵਾਦੀ ਆਲੋਚਨਾ ਦੁਆਰਾ ਸਥਾਪਤ ਪ੍ਰਤੀਮਾਨ (ਲੋਕ-ਹਿਤੂ ਮਾਪਡੰਢ ਜਾਂ ਕਲਾ ਦੀ ਸਮਾਜਕ ਉਪਯੋਗਤਾ, ਲੇਖਕ ਦਾ ਜੀਵਨ ਜਾਂ ਮਨਸ਼ਾ ਤੇ ਵਿਚਾਰਧਾਰਾ ਅਤੇ ਰਚਨਾ ਬਾਹਰੇ ਸੋਮਿਆਂ ਦੀ ਸਹਾਇਤਾ ਆਦਿ) ਪੰਜਾਬੀ ਵਿਦਵਾਨਾਂ, ਸਕਾਲਰਾਂ ਤੇ ਪਾਠਕਾਂ ਦੇ ਵੱਡੇ ਵਰਗ ਦੇ ਮਨ-ਮਸਤਕ ਵਿਚ ਘਰ ਕਰ ਚੁੱਕੇ ਸਨ ਅਤੇ ਉਨ੍ਹਾਂ ਨੂੰ ਅਚੇਤ-ਸੁਚੇਤ ਪੱਧਰ 'ਤੇ ਉਪਰੋਕਤ ਪ੍ਰਤੀਮਾਨਾਂ ਦੇ ਉਲਟ ਕਿਰਤ ਦੀ ਖ਼ੁਦਮੁਖਤਾਰ ਹੋਂਦ, ਉਸਦੀ ਨਿਰੋਲ ਸਾਹਿਤਕਤਾ ਤੇ ਸੁਹਜ ਹਜ਼ਮ ਨਹੀਂ ਹੋ ਰਹੇ ਸਨ। ਉਨ੍ਹਾਂ ਇਸ ਰੂਪਵਾਦੀ ਆਲੋਚਨਾ ਨੂੰ ਆਪਣੇ ਨਿਸ਼ਾਨੇ 'ਤੇ ਲਿਆ ਅਤੇ ਬਾਹਰੀ ਸੋਮਿਆਂ ਤੋਂ ਮਦਦ ਨਾ ਲੈਣ, ਰਚਨਾ ਯਥਾਰਥ ਨੂੰ ਸਮਾਜਕ ਵਿਵੇਕ ਨਾਲ ਨਾ ਜੋੜਨ, ਰਚਨਾ ਦੇ ਮਕਾਨਕੀ ਅਧਿਐਨ, ਨਿਰੋਲ ਸਾਹਿਤਕਤਾ ਤੇ ਸੁਹਜ ਦੀ ਤਲਾਸ਼ ਅਤੇ ਪੱਛਮੀ ਸਿਧਾਂਤਾਂ ਨੂੰ ਪੰਜਾਬੀ ਸਮੀਖਿਆ ਉੱਪਰ ਥੋਪਣ ਦੇ ਇਲਜ਼ਾਮ ਲਾ ਕੇ ਇਸ ਸਮੀਖਿਆ ਵਿਧੀ ਨੂੰ ਪੂਰਨ ਤੌਰ 'ਤੇ ਨਕਾਰਨ ਦਾ ਯਤਨ ਕੀਤਾ। ਇਸ ਵਾਦ-ਵਿਵਾਦ ਵਿਚ ਸੰਤ ਸਿੰਘ ਸੇਖੋਂ ਸਮੇਤ ਹੋਰ ਮਾਰਕਸਵਾਦੀ ਆਲੋਚਕ ਆ ਸ਼ਾਮਿਲ ਹੁੰਦੇ ਹਨ। ਇਸ ਸਮੇਂ ਉਸਾਰੂ ਸੰਵਾਦ ਦੀ ਥਾਂ ਆਪਣੀ ਵਿਚਾਰਧਾਰਾ ਜਾਂ ਸਿਧਾਂਤ ਨੂੰ ਮੰਨਵਾਉਣ ਅਤੇ ਦੂਸਰੇ ਦੇ ਅਸਵੀਕਾਰ ਦੀ ਸਥਿਤੀ ਬਣਦੀ ਹੈ।

ਪੰਜਾਬੀ ਸਾਹਿਤ ਚਿੰਤਨ ਵਿਚ ਵੰਨ-ਸੁਵੰਨੇ ਵਿਚਾਰਾਂ ਵਿਚ ਕੋਈ ਚਿੰਤਨੀ ਜਾਂ ਸੰਵਾਦੀ ਪਹੁੰਚ ਅਪਣਾਉਣ ਦੀ ਥਾਂ ਦੂਸਰੇ ਦੇ ਦੂਸਰੇਪਨ 'ਤੇ ਵਿਰੋਧ ਹੈ, ਵਿਅੰਗ ਹੈ ਅਤੇ ਕਿਤੇ ਕਿਤੇ ਤਾਂ ਭਾਸ਼ਾ ਦੀ ਮਰਿਆਦਾ ਤੋਂ ਪਾਰ ਨਿੰਦਿਆ ਵੀ ਹੈ।

ਇਸ ਸਥਿਤੀ ਵਿਚ ਡਾ. ਹਰਿਭਜਨ ਸਿੰਘ ਮਾਰਕਸਵਾਦੀ ਆਲੋਚਕਾਂ 'ਤੇ ਨਿਸਚੇਵਾਦੀ (deterministic) ਹੋਣ ਦੀ ਛਾਪ ਲਾਉਂਦੇ, ਖ਼ੁਦ ਰੂਪਵਾਦ-ਸੰਰਚਨਾਵਾਦ ਦੇ ਏਕਾਧਿਕਾਰਵਾਦ ਜਾਂ ਨਿਸਚੇਵਾਦੀ ਪ੍ਰਤੀਤ ਹੋਣ ਲੱਗਦਾ ਹੈ ਤੇ ਸਾਹਿਤ ਦੇ ਅਜਿਹੇ ਇਕੋ ਇਕ ਵਿਗਿਆਨ ਦੀ ਵਕਾਲਤ ਕਰਦੇ ਹਨ ਜੋ ਕਿਰਤ ਨੂੰ ਇਕ ਖ਼ੁਦਮੁਖਤਾਰ ਹੋਂਦ ਮੰਨ ਕੇ, ਉਸਦੀ ਸੰਰਚਨਾ ਦੇ ਅੰਦਰੂਨੀ ਤੱਤਾਂ ਦੇ ਅੰਤਰ-ਸੰਬੰਧਾਂ ਦੀ ਪਛਾਣ ਉਪਰੰਤ ਕਿਰਤ ਦੇ ਅਸਲ ਅਰਥਾਂ ਤਕ ਲਿਜਾਣ ਦਾ ਦਾਅਵਾ ਕਰਦੇ ਹਨ। ਦੂਸਰੇ ਦੇ ਅਸਵੀਕਾਰ ਵਾਲੀ ਇਸੇ ਦ੍ਰਿਸ਼ਟੀ ਤੋਂ ਉਹ ਮਾਰਕਸਵਾਦੀਆਂ ਨੂੰ ਉਨ੍ਹਾਂ ਦੇ ਵਿਚਾਰਧਾਰਕ ਹਮਲੇ ਦੇ ਜੁਆਬ ਆਪਣੇ ਆਲੋਚਨਾਤਮਕ ਲੇਖਾਂ ਵਿਚ ਤਾਂ ਦਿੱਤਾ ਹੀ, ਉਹ ਆਪਣੀ ਕਵਿਤਾ ਰਾਹੀਂ ਸੁਹਜ ਦੇ ਵਿਵੇਕ ਨੂੰ ਉਭਾਰਦੇ ਤੇ ਮਾਰਕਸਵਾਦੀ ਤੇ ਨਵ-ਪ੍ਰਗਤੀਵਾਦੀ ਕਵਿਤਾ ਨੂੰ ਇਉਂ ਨਕਾਰਦੇ ਹਨ:

*ਇਹ ਕੇਹੀ ਸ਼ਾਇਰੀ ਹੈ ਦੋਸਤੋ*
*ਜੋ ਦਿਲ ਚੋਂ ਨਹੀਂ, ਬੰਦੂਕ ਦੀ ਨਾਲੀ ਚੋਂ ਨਿੱਕਲਦੀ ਹੈ*
*ਜੋ ਸੁਣਾਈ ਨਹੀਂ ਜਾਂਦੀ, ਬੱਸ ਚਲਾਈ ਜਾਂਦੀ ਹੈ*
*ਇਹ ਕਿਹਾ ਸ਼ੇਅਰ ਹੈ ਦੋਸਤੋ, ਜੋ ਸਿਰਫ ਕਤਲ ਵਿੱਚ ਜਿਊਂਦਾ ਹੈ*
*ਜੋ ਆਪਣੇ ਨਹੀਂ, ਪਰਾਏ ਖ਼ੂਨ ਨਾਲ ਲਿਖਿਆ ਜਾਂਦਾ ਹੈ*
*ਤੇ, ਇਹ ਕੇਹਾ ਫਤਵਾ ਹੈ ਨਾਸ਼ਨਾਸੀ ਦਾ*
*ਕਿ ਮੈਂ ਬੰਦੂਕ ਦੀ ਬੂ ਨੂੰ ਮਹਿਕ ਨਹੀਂ ਕਹਿੰਦਾ।*
*ਕਿੱਥੇ ਨੇ ਉਹ ਕੱਲ੍ਹ ਜੋ ਕਹਿੰਦੇ ਸੀ*
*ਕਿ ਝੰਡਿਆਂ ਤੋਂ ਬਿਨਾ ਸ਼ਾਇਰੀ ਨਹੀਂ ਹੁੰਦੀ ?*
*ਆਪਣੇ ਸਿਰ ਵਿਚ ਗੱਡ ਕੇ ਇੰਪੋਰਟਡ ਝੰਡੇ ਜੋ ਐਲਾਨ ਕਰਦੇ ਸੀ*
*ਕਿ ਰੌਸ਼ਨੀ ਦੀ ਫਸਲ ਇਸ ਤਰਾਂ ਹੀ ਉੱਗਦੀ ਹੈ*
*ਕੱਲ੍ਹ ਵੀ ਫਤਵਾ ਸੀ ਨਾਸ਼ਨਾਸੀ ਦਾ*
*ਕਿ ਮੈਂ ਰੰਗੀ ਹੋਈ ਟਾਕੀ ਨੂੰ ਸੂਰਜ ਆਖ ਨਾ ਸਕਿਆ।*
*ਝੰਡੇ, ਬੰਦੂਕ ਜਾਂ ਫਤਵਾ, ਇਹ ਸ਼ਾਇਰੀ ਬੀਮਾਰ ਵਕਤਾਂ ਦੀ*
*ਤੇ ਮੈਂ ਤੁਹਾਡੀ ਬੀਮਾਰ ਪੁਰਸੀ ਲਈ ਨਹੀਂ ਆਇਆ।*

*ਇਹ ਕੇਹੀ ਦੋਸਤੀ ਹੈ ਸ਼ਾਇਰੋ*
*ਕਿ ਤੁਸੀਂ ਬੀਮਾਰ ਪਏ ਬਿਨਾ ਦੋਸਤੀ ਕਰ ਨਹੀਂ ਸਕਦੇ*
*ਕਿਸੇ ਰਾਹਗੀਰ ਦੇ ਸਿਰ ਤੋਂ ਲੰਘਾ ਕੇ ਸਨਸਨਾਂਦੀ ਹੋਈ ਗੋਲੀ*
*ਕਹਿੰਦੇ ਹੋ :*
*ਮਹਿਬੂਬ ਦੇ ਬੁੱਲਾਂ 'ਤੇ ਸੁਲਗਦਾ ਹੋਇਆ ਚੁੰਮਣ ਰੱਖ ਦਿੱਤਾ ਹੈ*
*ਇਹ ਕੇਹੀ ਸ਼ਾਇਰੀ ਹੈ ਦੋਸਤੋ!*
*ਇਹ ਕੇਹੀ ਦੋਸਤੀ ਹੈ ਸ਼ਾਇਰੋ !* [5]

ਇਹ ਵਾਦ-ਵਿਵਾਦ ਜਾਂ ਸੰਵਾਦ ਬੜਾ ਦਿਲਚਸਪ ਤੇ ਗੰਭੀਰ ਹੁੰਦਾ ਗਿਆ।[6] ਦੋਵਾਂ ਧਿਰਾਂ ਦੇ ਬੁਲਾਰੇ ਆਪਣੇ ਆਪਣੇ ਤਰਕ ਉਸਾਰਦੇ ਹਨ। ਉਸਾਰੂ ਸੰਵਾਦ ਦੀ ਥਾਂ ਆਪਣੀ ਵਿਚਾਰਧਾਰਾ ਜਾਂ ਸਿਧਾਂਤ ਨੂੰ ਅੰਤਮ ਸੱਚ ਮਨਵਾਉਣ ਅਤੇ ਸਮਾਨੰਤਰ ਦੂਸਰੇ ਦੇ ਵਿਚਾਰਾਂ ਨੂੰ ਨਕਾਰਨ ਦੀ ਰੁਚੀ ਏਨੀ ਪ੍ਰਬਲ ਹੈ ਕਿ ਭਾਸ਼ਾ ਦੀ ਮਰਿਆਦਾ ਵੀ ਉਲੰਘ ਜਾਂਦੇ ਹਨ। ਇਸ ਵਿਵਾਦ ਵਿਚ ਮਾਰਕਸਵਾਦੀ ਪ੍ਰਤੀਬੱਧਤਾ ਨੂੰ ਪ੍ਰਣਾਏ ਸ਼ਾਇਰ ਵੀ ਸ਼ਾਮਿਲ ਹੋ ਜਾਂਦੇ ਹਨ। ਅਜਿਹੇ ਕਵੀ ਰੂਪਵਾਦੀ ਜਾਂ ਸੁਹਜ-ਸ਼ਾਸਤਰੀ ਨੇਮਾਂ ਵਾਲੀ ਸਮੀਖਿਆ ਜਾਂ ਸੋਚ ਨੂੰ ਇਸ ਤਰ੍ਹਾਂ ਨਿਸ਼ਾਨੇ 'ਤੇ ਲੈਂਦੇ ਹਨ:

ੳ) *ਇਹ ਕੇਹੀ ਸ਼ਾਇਰੀ ਹੈ*
*'ਅਰੋਗ ਵਕਤਾਂ' ਦੀ*
*ਜੋ ਆਪਣੇ ਤਨ ਦੀ ਤਪਦਿਕ ਨੂੰ*
*ਕੋਈ ਫ਼ਤਵਾ ਦੇਣ ਤੋਂ ਸੰਗਦੀ ਹੈ*
*ਤੇ ਜਿੱਥੇ ਇਨਾਮਾਂ, ਖ਼ਿਤਾਬਾਂ ਦੇ*
*ਜਰਾਸੀਮਾਂ ਦੀ ਖ਼ਰਾਇਤ ਮਿਲਦੀ ਹੈ*
*ਉਨ੍ਹਾਂ ਦਰਾਂ 'ਤੇ ਕਾਸਾ ਫੜ੍ਹ ਕੇ*
*ਕੁੱਬੇ ਲੱਕ ਦਿਨ ਰਾਤ ਖੰਘਦੀ ਹੈ*
*ਤੇ ਮੰਗਦੀ ਹੈ।* [7]

ਅ) *ਜੁੱਗਾਂ ਤੋਂ ਇਕ ਵੇਲਣਾ ਚਲਦਾ ਹੈ*
*ਪੀੜੀ ਜਾ ਰਿਹਾ ਰੁੱਤਾਂ ਦੀ ਮਹਿਕ*
*ਤੁਹਾਡਾ ਸੁਹਜ-ਸ਼ਾਸਤਰ ਕੌਣ ਪੜ੍ਹੇ*

*ਤੁਸੀਂ ਚਾਹੁੰਦੇ ਹੋ*
*ਅਸੀਂ ਮਹਿਕਦਾਰ ਸ਼ੈਲੀ 'ਚ ਲਿਖੀਏ*
*ਫੁਲਾਂ ਦੇ ਗੀਤ*
*ਸੁੱਕੇ ਸਲਵ੍ਹਾੜ 'ਚੋਂ ਲੱਭਦੇ ਹੋ*
*ਬਹਾਰ ਦੀ ਰੂਹ-*
*ਕਿੰਨੀ ਗਲਤ ਥਾਂ ਤੇ ਆ ਗਏ ਹੋ* [8]

ੲ) *ਮੇਰੇ ਤੋਂ ਆਸ ਨ ਕਰਿਓ ਕਿ ਮੈਂ ਖੇਤਾਂ ਦਾ ਪੁੱਤ ਹੋ ਕੇ*
*ਤਹਾਡੇ ਚਗਲੇ ਹੋਏ ਸਵਾਦਾਂ ਦੀ ਗੱਲ ਕਰਾਂਗਾ* [9]

ਇਸਦੇ ਨਾਲ ਨਾਲ ਹੀ ਆਪਣਿਆਂ ਨਾਲ ਵੀ ਸੰਵਾਦ ਹੈ ਜੋ ਇਸ ਵਿਚਾਰਧਾਧਕ ਪ੍ਰਤੀਬੱਧਤਾ ਤੋਂ ਪਰ੍ਹੇ ਜਾ ਰਹੇ ਸਨ:

***ਫੈਸਲਾ***

*ਤੁਸੀਂ ਜੇ*
*ਗੰਦਗੀ ਵਿਚ ਰੀਂਘਦੇ ਹੋਏ*
*ਕੀੜਿਆਂ ਵਰਗੀ*

*ਹਿਯਾਤੀ ਨਾਲ ਖ਼ੁਸ਼ ਹੋ*
*ਤਾਂ ਮੁਬਾਰਕ !*

*ਅਸਾਨੂੰ ਰੀਂਘਦੀ ਹੋਈ ਜ਼ਿੰਦਗੀ ਦੇ ਨਾਲ ਨਫਰਤ ਹੈ।*
*ਤੁਸੀ ਪਰਕਾਰ ਵਾਂਗੂੰ*
*ਦਾਇਰਿਆਂ ਵਿਚ ਜੇ ਘਿਰੇ ਰਹਿਣਾ*
*ਤਾਂ ਸਾਡੀ ਅਲਵਿਦਾ.....।*

*ਅਸੀਂ ਇਕ ਮੀਲ-ਪੱਥਰ ਵਾਂਗ*
*ਗੱਡੇ ਰਹਿਣ ਵਿਚ ਵਿਸ਼ਵਾਸ ਨਈਂ ਰੱਖਦੇ*
*ਅਸੀਂ ਤਾਂ ਬਸ ਸਫਰ ਬਣਕੇ*
*ਜਿਉਂਦੇ ਰਹਿਣ ਵਿਚ ਵਿਸ਼ਵਾਸ਼ ਰੱਖਦੇ ਹਾਂ...।*

*ਅਸੀਂ ਗੁਲਮੋਹਰ ਦੇ ਫੁੱਲਾਂ ਦੇ ਰੰਗ ਵਰਗਾ*
*ਅਜ਼ਮ ਲੈ ਕੇ ਤੁਰੇ ਹਾਂ*
*ਅਸੀ ਬਸ ਇਕ ਸਫਰ ਬਣ ਕੇ*
*ਜੀਉਂਦੇ ਰਹਿਣ ਵਿਚ ਵਿਸ਼ਵਾਸ ਰੱਖਦੇ ਹਾਂ...।* [10]

ਇਸ ਤਰ੍ਹਾਂ ਉਪਰੋਕਤ ਆਲੋਚਨਾ ਤੇ ਕਾਵਿ ਆਪਣੀ ਆਪਣੀ ਤਰ੍ਹਾਂ ਦਾ ਦੋ ਵਿਰੋਧੀ ਵਿਚਾਰਾਂ ਵਾਲਾ ਕਾਵਿ-ਸ਼ਾਸਤਰ ਪਰਿਭਾਸ਼ਤ ਕਰਨ ਤੇ ਸਵੀਕਾਰ ਕਰਾਉਣ ਦੇ ਯਤਨ ਵਿਚ ਹੈ। ਆਲੋਚਨਾ ਤੇ ਕਵਿਤਾ ਵਿਚ ਆਪਣੇ ਖਿਲਾਫ਼ ਇਸ ਤਰ੍ਹਾਂ ਦੀਆਂ ਵਿਰੋਧੀ ਸੁਰਾਂ ਨੂੰ ਇਕ ਚੁਣੌਤੀ ਵਜੋਂ ਅਪਣਾਉਦਿਆਂ ਡਾ. ਹਰਿਭਜਨ ਸਿੰਘ ਨੇ ਪੂਰੀ ਸਮਰਥਾ ਨਾਲ ਰੂਪਵਾਦੀ-ਸੰਰਚਨਾਵਾਦੀ ਸਮੀਖਿਆ ਵਿਧੀ ਸਾਹਮਣੇ ਲਿਆਉਣ ਦਾ ਯਤਨ ਕੀਤਾ ਅਤੇ ਇਸ ਵਿਧੀ ਨੂੰ ਵਿਹਾਰ ਵਿਚ ਲਿਆਉਣ ਦਾ ਉਪਰਾਲਾ ਵੀ ਕੀਤਾ। ਉਨ੍ਹਾਂ ਨੇ ਰੂਪਕੀ (1976) ਰਾਹੀਂ ਮਹੱਤਵਪੂਰਨ ਆਧੁਨਿਕ ਪੰਜਾਬੀ ਕਾਵਿ-ਪਾਠਾਂ ਦੀ ਵਿਹਾਰਕ ਸਮੀਖਿਆ ਕੀਤੀ ਅਤੇ 'ਪੰਜਾਬੀ ਸਮੀਖਿਆ ਵਿਧੀ' ਉਸਾਰਨ ਦਾ ਦਾਅਵਾ ਵੀ ਕੀਤਾ।[11] ਇਸ ਵਿਚ ਉਨ੍ਹਾਂ ਨੇ ਪੰਜਾਬੀ ਕਾਵਿ-ਪਾਠਾਂ ਦੀ ਸੰਰਚਨਾ ਦਾ ਨਿਕਟ ਵਿਸ਼ਲੇਸ਼ਣ ਕਰਦਿਆਂ, ਇਨ੍ਹਾਂ ਦੇ 'ਥੀਮ' ਤੇ 'ਭਾਸ਼ਾ-ਬੁਣਤੀ' ਦੇ ਗੁੰਦਵੇਂ ਰਿਸ਼ਤੇ ਰਾਹੀਂ ਕਾਵਿ-ਕਿਰਤਾਂ ਨੂੰ ਸਮਝਿਆ ਜੋ ਪੰਜਾਬੀ ਸਮੀਖਿਆ ਦੇ ਖੇਤਰ ਵਿਚ ਵਿਹਾਰਕ ਆਲੋਚਨਾ ਜਾਂ ਨਿਕਟ ਅਧਿਐਨ ਦਾ ਪਹਿਲਾ ਗੰਭੀਰ ਯਤਨ ਸੀ।

ਉਨ੍ਹਾਂ ਦੇ ਬਹੁਤ ਸਾਰੇ ਅਨੁਯਾਈਆਂ ਨੇ ਇਸ ਸਮੀਖਿਆ ਵਿਧੀ ਨੂੰ ਭਰਪੂਰ ਹੁੰਗਾਰਾ ਦਿਤਾ। ਮਾਰਕਸਵਾਦੀ ਆਲੋਚਨਾ ਦੀਆਂ ਸੀਮਾਵਾਂ ਤੋਂ ਇਲਾਵਾ ਇਸ ਵੱਲ ਝੁਕਾਅ ਹੋਣ ਦੇ ਕਾਰਨ ਅਸਹਿਮਤ ਧਿਰਾਂ ਦੇ ਅੰਦਰੂਨੀ ਸੰਕਟ, ਪ੍ਰਗਤੀਵਾਦੀ ਵਿਚਾਰਧਾਰਕ ਸੰਕਟ, ਨਕਸਲਵਾੜੀ ਲਹਿਰ ਦੇ ਬਿਖਰਨ, ਕੁਝ ਦਾ ਸੱਤਾ ਵੱਲ ਝੁਕਣ ਤੇ ਅਖੀਰ ਰਾਜਨੀਤਕ ਪਤਨ ਵੀ ਸੀ।

ਬਾਅਦ ਵਿਚ **ਰਚਨਾ ਸੰਰਚਨਾ** (1977) ਵਿਚ ਜਿਥੇ ਉਨ੍ਹਾਂ ਵੱਖ-ਵੱਖ ਸਾਹਿਤ ਅਧਿਐਨ ਪ੍ਰਣਾਲੀਆਂ (ਰੂਸੀ ਰੂਪਵਾਦ, ਸੰਰਚਨਾਵਾਦ, ਚਿਹਨਾਲੋਚਨਾ, ਸੰਰਚਨਾਵਾਦੀ ਲਿਖਣ ਸਿਧਾਂਤ ਆਦਿ) ਦਾ ਨਵੇਂ ਨਜ਼ਰੀਏ ਤੋਂ ਸਿਧਾਂਤਕ ਪਰਿਪੇਖ ਸਪੱਸ਼ਟ ਕਰਨ ਦਾ ਯਤਨ ਕੀਤਾ, ਉਥੇ ਸਾਹਿਤ ਸਮੀਖਿਆ, ਵਿਆਖਿਆ ਤੇ ਵਿਹਾਰਕ ਸਮੀਖਿਆ ਬਾਰੇ ਰੂਪਵਾਦੀ ਨਜ਼ਰੀਏ ਤੋਂ ਹੀ ਅੰਤਰ-ਦ੍ਰਿਸ਼ਟੀਆਂ ਦਿੱਤੀਆਂ ਹਨ। ਇਸ ਪੜਾਅ 'ਤੇ ਉਹ ਅਜਨਬੀਕਰਨ, ਅੰਤਰ-ਪਾਠ, ਸਾਹਿਤਕ ਰੂੜ੍ਹੀਆਂ, ਸੁਹਜ-ਨੇਮ, ਪ੍ਰਸੰਗ, ਜੈਸਚਰ ਆਦਿ ਸੰਕਲਪਾਂ ਨੂੰ ਆਤਮਸਾਤ ਕਰਕੇ ਪੰਜਾਬੀ ਸਾਹਿਤ ਅਧਿਐਨ ਲਈ ਵਰਤਦੇ ਹਨ। ਇਸੇ ਪ੍ਰਵਾਹ ਵਿਚ **ਸਾਹਿਤ ਵਿਗਿਆਨ** (1978) ਪੁਸਤਕ ਪ੍ਰਕਾਸ਼ਿਤ ਹੁੰਦੀ ਹੈ ਜੋ ਹੋਰ ਗਹਿਰਾਈ ਨਾਲ ਉਪਰੋਕਤ ਪ੍ਰਣਾਲੀਆਂ ਸਮੇਤ ਅਮਰੀਕੀ ਨਵ-ਆਲੋਚਨਾ, ਅਸਤਿਤਵਵਾਦ, ਭਾਸ਼ਾ ਵਿਗਿਆਨ ਤੇ ਹੋਰ ਫਰਾਂਸੀਸੀ ਸੰਰਚਨਾਵਾਦੀਆਂ ਦੇ ਸੰਕਲਪਾਂ ਦੀ ਪੁਨਰ-ਵਿਆਖਿਆ ਕੀਤੀ ਹੈ। ਇਸ ਵਿਚ ਉਨ੍ਹਾਂ ਨਵੇਂ ਸੰਰਚਨਾਵਾਦੀਆਂ ਤੋਂ ਪ੍ਰਭਾਵਿਤ ਹੋ ਕੇ ਇਸ ਆਲੋਚਨਾਤਮਕ ਮਾਡਲ ਨੂੰ ਨਵੇਂ ਨਾਮ 'ਸਾਹਿਤ ਵਿਗਿਆਨ' ਨਾਲ ਪਰਿਭਾਸ਼ਤ ਕੀਤਾ ਹੈ ਜਿਸ ਵਿਚ ਦੂਸਰੀਆਂ ਵਸਤਾਂ (ਬਨਸਪਤੀ, ਜੀਵ, ਭਾਸ਼ਾ ਆਦਿ) ਦੇ ਵਿਗਿਆਨਾਂ ਵਾਂਗ ਸਾਹਿਤ-ਵਸਤੂ ਦੇ ਅਧਿਐਨ

ਲਈ ਸਾਹਿਤ ਵਿਗਿਆਨ ਦੀ ਵਕਾਲਤ ਕੀਤੀ ਹੈ। ਕੁੱਲ ਮਿਲਾ ਕੇ ਇਥੇ ਉਹ ਸਮਾਨੰਤਰ ਵਿਚਰਦੇ ਵੱਖ-ਵੱਖ ਪੱਛਮੀ ਚਿੰਤਕਾਂ ਦੇ ਚਿੰਤਨ ਤੋਂ ਰੂਪਵਾਦੀ ਦ੍ਰਿਸ਼ਟੀ ਦੇ ਅਨੁਕੂਲ ਸੰਕਲਪਾਂ ਦੇ ਸੰਗਮ 'ਚੋਂ ਸੰਮਿਲਤ ਪਹੁੰਚ ਰਾਹੀਂ ਸੰਰਚਨਾਤਮਕ ਆਲੋਚਨਾ ਵੱਲ ਵਧੇਰੇ ਸਿਸਟੇਮੈਟਿਕ ਹੋਏ ਨਜ਼ਰ ਆਉਂਦੇ ਹਨ।

**ਸਾਹਿਤ ਅਧਿਐਨ** (1981) ਪੁਸਤਕ ਉਨ੍ਹਾਂ ਦੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਵਿਚ ਵਿਜ਼ਟਿੰਗ ਪ੍ਰੋਫ਼ੈਸਰ ਵਜੋਂ ਦਿਤੇ ਲੈਕਚਰਾਂ ਦਾ ਸੰਗ੍ਰਹਿ ਹੈ ਜਿਸ ਵਿਚ ਉਨ੍ਹਾਂ ਵੱਖ-ਵੱਖ ਸਮੇਂ (1978-79) ਰੂਪਵਾਦੀ-ਸੰਰਚਨਾਵਾਦੀ ਤੇ ਭਾਸ਼ਾ ਵਿਗਿਆਨਕ ਮਾਡਲਾਂ ਅਤੇ ਇਸ ਦੀਆਂ ਜੁਗਤਾਂ ਆਧਾਰਿਤ ਸਾਹਿਤ, ਭਾਸ਼ਾ ਅਤੇ ਗੁਰਬਾਣੀ ਵਿਚ ਕੰਮ ਕਰ ਰਹੇ ਸਿਸਟਮ ਦੀ ਨਿਸ਼ਾਨਦੇਹੀ ਕੀਤੀ ਹੈ ਅਤੇ ਇਸ ਮਾਡਲ ਦੀਆਂ ਸੰਭਾਵਨਾਵਾਂ ਨੂੰ ਨਵੇਂ ਅੰਦਾਜ਼ ਵਿਚ ਉਘਾੜਿਆ। ਇਸੇ ਤਰਾਂ **ਪਤਰਾਂਜਲੀ** (1981) ਵੀ ਹੋਰਨਾਂ ਸੈਮੀਨਾਰਾਂ ਵਿਚ ਪੜ੍ਹੇ ਪੇਪਰਾਂ ਦਾ ਸੰਗ੍ਰਹਿ ਹੈ ਜੋ ਉਨ੍ਹਾਂ ਨੇ 1975 ਤੋਂ 1981 ਦੇ ਸਮੇਂ ਵਿਚ ਵੱਖ-ਵੱਖ ਥਾਵਾਂ 'ਤੇ ਪ੍ਰਸਤੁਤ ਕੀਤੇ। ਇਨ੍ਹਾਂ ਪੇਪਰਾਂ ਵਿਚੋਂ ਕਾਫੀ ਪੇਪਰਾਂ ਦਾ ਅਧਿਐਨ ਦਾ ਸਾਰਾ ਆਧਾਰ ਉਪਰੋਕਤ ਮਾਡਲ ਹੀ ਹਨ ਪਰ ਕੁਝ ਪੇਪਰਾਂ ਵਿਚ ਸੰਰਚਨਾਵਾਦ ਤੋਂ ਪਾਰ ਦੀਆਂ ਸੰਭਾਨਾਵਾਂ ਉਭਰਦੀਆਂ ਹਨ। ਇਹ ਉਨ੍ਹਾਂ ਦੀ ਆਲੋਚਨਾ ਵਿਚ ਇਕ ਨਵੇਂ ਮੁਕਾਮ ਉਤਰ-ਸੰਰਚਨਾਵਾਦੀ ਅਧਿਐਨ ਵਿਧੀ ਦਾ ਆਗਾਜ਼ ਸੀ ਜੋ ਭਰਪੂਰ ਰੂਪ ਵਿਚ ਉਨ੍ਹਾਂ ਦੀਆਂ ਮਗਰਲੀਆਂ ਲਿਖਤਾਂ ਵਿਚ ਨਜ਼ਰ ਆਉਂਦਾ ਹੈ। ਆਲੋਚਨਾਤਮਕ ਲੇਖ 'ਸਮਕਾਲੀ ਸਮੀਖਿਆ ਤੇ ਪੂਰਨ ਸਿੰਘ ਕਾਵਿ' ਵਿਚ ਉਹ ਪ੍ਰੋ. ਪੂਰਨ ਸਿੰਘ ਦੇ ਕਾਵਿ ਸਿਧਾਂਤਾਂ ਨੂੰ ਹੀ ਆਰੰਭ-ਬਿੰਦੂ ਮੰਨ ਕੇ ਉਸਦੇ ਸਮੀਖਿਆ-ਸਿਧਾਂਤ ਅਤੇ ਸਮੀਖਿਆ-ਵਿਹਾਰ ਦੀ ਜਿਸ ਦ੍ਰਿਸ਼ਟੀ ਜਾਂ ਟੂਲਜ਼ ਨਾਲ ਪਛਾਣ ਕਰਦੇ ਹਨ, ਉਹ ਸ਼ੁਰੂ ਵਿਚ ਤਾਂ ਰੋਲਾਂ ਬਾਰਥ ਦੀਆਂ ਉਤਰ-ਸੰਰਚਨਾਵਾਦੀ ਅੰਤਰ-ਦ੍ਰਿਸ਼ਟੀਆਂ (ਸਪੇਸ, ਅਨੰਤਤਾ, ਅਨਿਸਚਿਤਤਾ, ਬਹੁ-ਪਰਤਤਾ, ਲਿਖਣਯੋਗ ਪਾਠ ਆਦਿ) ਹਨ, ਪਰ **ਪੂਰਨ ਸਿੰਘ : ਰਚਨਾ-ਵਿਰਚਨਾ** (1984) ਪੁਸਤਕ ਤਕ ਪਹੁੰਚਦਿਆਂ ਦੇਰੀਦਾ, ਲਾਕਾਂ, ਫੂਕੋ ਤੇ ਜੂਲੀਆ ਕ੍ਰਿਸਤੀਵਾ ਆਦਿ ਚਿੰਤਕਾਂ ਦੁਆਰਾ ਪ੍ਰਸਤੁਤ ਉਤਰ-ਸੰਰਚਨਾਵਾਦੀ ਅਧਿਐਨ ਵਿਧੀ ਨੂੰ ਵਿਹਾਰ ਵਿਚ ਲਿਆਂਦਾ ਗਿਆ ਹੈ। ਉਨ੍ਹਾਂ ਪ੍ਰੋ. ਪੂਰਨ ਸਿੰਘ ਦੀ ਕਾਵਿ-ਪਾਠਾਂ ਦੀ ਨਿਵੇਕਲੀ ਪੜ੍ਹਤ ਤਿਆਰ ਕਰਦਿਆਂ ਉਪਰੋਕਤ ਉਤਰ-ਸੰਰਚਨਾਵਾਦੀਆਂ ਦੇ ਸੰਕਲਪਾਂ ਤੇ ਜੁਗਤਾਂ ਦੀ ਵਰਤੋਂ ਉਸ ਪਾਠ ਦੇ ਸੁਭਾਅ ਅਨੁਸਾਰ ਕੀਤੀ ਹੈ ਅਤੇ ਵਿਰਚਨਾ, ਵਿਸਥਾਪਨ, ਸੰਗੋੜ, ਵਿਲੱਖਣਤਾ ਤੇ ਮੁਲਤਵੀਕਰਨ (DifferAnce= difer+defer ), ਅਨੁਰੂਪਕ, ਕਾਟੇ ਹੇਠ, ਅਨੁਕਿਰਿਆ ਤੇ ਅੰਤਰ-ਪਾਠ ਆਦਿ ਅੰਤਰ-ਦ੍ਰਿਸ਼ਟੀਆਂ ਨੂੰ ਮੂਲ ਸੰਦਾਂ ਵਜੋਂ ਵਰਤਦਿਆਂ ਪਾਠਾਂ ਦੀਆਂ ਅੰਤਰੀਵੀ ਤਹਿਆਂ ਖੋਲ੍ਹ ਕੇ, ਉਸਦੇ ਅੰਦਰ ਪਏ ਹੋਰ ਪਾਠਾਂ, ਵਿਰੋਧਾਂ, ਸਵੈ-ਵਿਰੋਧਾਂ ਜਾਂ ਤਣਾਵਾਂ ਨੂੰ ਢੂੰਡ ਕੇ ਐਸੀ ਪੜ੍ਹਤ ਤਿਆਰ ਕੀਤੀ ਹੈ ਜਿਸ ਨੂੰ ਵਿਰਚਨਾਤਮਕ ਪੜ੍ਹਤ ਜਾਂ ਉਤਰ-ਪਾਠ ਕਿਹਾ ਗਿਆ ਹੈ। ਅਜਿਹੀ ਪੜ੍ਹਤ ਅੱਗੋਂ ਕਈ ਹੋਰ ਲੁਪਤ ਪਾਠਾਂ ਨੂੰ ਆਪਣੇ ਅੰਦਰ ਪੈਦਾ ਕਰੀ ਜਾਂਦੀ ਹੈ, ਇਸਦਾ ਅੱਗੇ ਵੀ ਕੋਈ ਅੰਤ ਨਹੀਂ ਹੈ। ਇਸ ਵਿਚ ਉਨ੍ਹਾਂ ਦੇ ਪਹਿਲੇ ਅਧਿਐਨ ਵਿਚ ਆਏ ਸੰਕਲਪ ਤਣਾਓ, ਅਜਨਬੀਕਰਨ (ਕੁਝ ਹੋਰ ਜੋੜਨਾ), ਰੂਪਕ (ਭੰਜਨ, ਖੰਡਿਤ), ਚਿਹਨ (ਅੰਤਮ ਚਿਹਨਤ ਨਹੀਂ), ਪ੍ਰਤੀਕ ਤੇ ਰੂੜ੍ਹੀ (ਸਭਿਆਚਾਰਕ ਅਵਚੇਤਨ/ਪ੍ਰਗਟ ਹੇਠ ਲੁਪਤ) ਆਦਿ ਵੀ ਇਥੇ ਵਿਰਚਨਾਤਮਕ ਸੋਝੀ ਨਾਲ ਨਵ-ਪਛਾਣ ਪਾਉਂਦੇ ਹਨ, ਜਿਸ ਨਾਲ ਇਹ ਪੰਜਾਬੀ ਸਮੀਖਿਆ ਵਿਚ ਮੌਲਿਕ ਅਰਥ ਧਾਰਨ ਕਰਦੇ ਨਜ਼ਰੀਂ ਆਉਂਦੇ ਹਨ। ਪੰਜਾਬੀ ਆਲੋਚਨਾ ਵਿਚ ਇਕੋ ਜਿਹੇ ਸ਼ਬਦਾਂ ਦੇ ਮਹੀਨ ਅੰਤਰਾਂ ਦੀ ਸਮਝ ਵੀ ਡਾ. ਹਰਿਭਜਨ ਸਿੰਘ ਦੇ ਚਿੰਤਨ ਨੇ ਸਿਰਜੀ।

ਉਪਰੋਕਤ ਮੌਲਿਕਤਾ ਤੋਂ ਉਨ੍ਹਾਂ ਦੀ ਇਹ ਇਕ ਤਰ੍ਹਾਂ ਦੀ ਸੰਮਿਲਤ (Inclusive) ਵਿਧੀ ਬਣਦੀ ਹੈ ਜੋ ਰੂਪਵਾਦੀ ਢਾਂਚੇ ਵਿਚ ਢਲ਼ ਸਕਣ ਵਾਲੀਆਂ ਉਹ ਸਾਰੀਆਂ ਅੰਤਰ-ਦ੍ਰਿਸ਼ਟੀਆਂ, ਵਿਧੀਆਂ ਤੇ ਜੁਗਤਾਂ ਨੂੰ ਆਤਮਸਾਤ ਕਰਕੇ ਆਪਣੀ ਅਧਿਐਨ ਵਿਧੀ ਦਾ ਸੰਦ ਬਣਾ ਲੈਂਦੀ ਹੈ। ਇਹੀ ਅਧਿਐਨ ਵਿਧੀ **ਖ਼ਾਮੋਸ਼ੀ ਦਾ ਜਜ਼ੀਰਾ** (1978), **ਪਿਆਰ ਤੇ ਪਰਿਵਾਰ** (1978) ਅਤੇ **ਮੇਰੀ ਪਸੰਦ** (1991) ਪੁਸਤਕਾਂ ਵਿਚ ਵੇਖੀ ਜਾ ਸਕਦੀ ਹੈ। **ਖ਼ਾਮੋਸ਼ੀ ਦਾ ਜਜ਼ੀਰਾ** ਵਿਚ ਉਨ੍ਹਾਂ ਪ੍ਰੇਮ ਪ੍ਰਕਾਸ਼ ਦੀ ਕਹਾਣੀ **'ਸਵੇਤਾਂਬਰ ਨੇ ਕਿਹਾ ਸੀ'** ਦੇ ਵਿਸ਼ਲੇਸ਼ਣ ਰਾਹੀਂ ਬਿਲਕੁਲ ਨਵਾਂ ਬਿਰਤਾਂਤ-ਸ਼ਾਸਤਰ ਉਸਾਰਨ ਦਾ ਯਤਨ ਕੀਤਾ। ਕਹਾਣੀ ਦੇ ਨਿਕਟ ਪਾਠ ਵਿਸ਼ਲੇਸ਼ਣ ਨਾਲ ਸੰਬੰਧਿਤ ਅਜਿਹਾ ਯਤਨ ਉਨ੍ਹਾਂ ਦੀ ਆਲੋਚਨਾ ਵਿਚ ਵੀ ਪਹਿਲੀ ਵਾਰ ਸਾਹਮਣੇ ਆਉਂਦਾ ਹੈ ਜੋ ਦੈਰੀਦਾ ਦੀ ਵਿਰਚਨਾ ਵਿਧੀ ਤੋਂ ਇਲਾਵਾ ਲਾਕਾਂ ਤੇ ਬਾਖ਼ਤਨ ਦੇ ਬਿਰਤਾਂਤ ਵਿਸ਼ਲੇਸ਼ਣ ਦੇ ਮਾਡਲਾਂ ਤੋਂ ਅੰਤਰ-ਦ੍ਰਿਸ਼ਟੀਆਂ ਲੈਂਦਾ ਹੈ। ਪ੍ਰੇਮ ਪ੍ਰਕਾਸ਼ ਦੀ ਕਹਾਣੀ ਨੇ ਆਪਣੇ ਤੋਂ ਪੂਰਬਲੀ ਕਹਾਣੀ ਤੋਂ ਵੱਡੀ ਵਿੱਥ ਥਾਪ ਕੇ ਪ੍ਰਚਲਿਤ ਕਹਾਣੀ ਅਤੇ ਪਰੰਪਰਕ ਮਾਰਕਸਵਾਦੀ ਆਲੋਚਨਾ 'ਤੇ ਪ੍ਰਸ਼ਨ-ਚਿੰਨ੍ਹ ਲਗਾਇਆ ਤਾਂ ਇਹ

ਤਤਕਾਲੀ ਆਲੋਚਨਾ ਲਈ ਚੁਣੌਤੀ ਵੀ ਸੀ, ਜਿਸ ਨੂੰ ਡਾ. ਹਰਿਭਜਨ ਸਿੰਘ ਨੇ ਸਮਝਿਆ ਤੇ ਉਪਰੋਕਤ ਵਿਭਿੰਨ ਅੰਤਰ-ਦ੍ਰਿਸ਼ਟੀਆਂ ਤੋਂ ਈਜ਼ਾਦ ਕੀਤੀ ਸੰਮਿਲਤ ਵਿਧੀ ਤੋਂ ਅਜਿਹੀ ਕਹਾਣੀ ਦਾ ਵਿਸ਼ਲੇਸ਼ਣ ਕੀਤਾ। ਉਨ੍ਹਾਂ ਰਚਨਾਵਾਂ ਵਿਚੋਂ ਸਭਿਆਚਾਰਕ ਵਿਵੇਕ ਦੇ ਉਦੈ-ਬਿੰਦੂ ਨੂੰ ਤਲਾਸ਼ ਕੇ ਤੇ ਚੋਣਵੇਂ ਚਿਹਨਾਂ ਨੂੰ ਡੀਕੋਡ ਕਰਕੇ ਕਹਾਣੀਆਂ ਪਿੱਛੇ ਪਈ ਵਿਆਕਰਨ ਨੂੰ ਇਸ ਤਰ੍ਹਾਂ ਸਮਝਾਇਆ ਕਿ ਕਹਾਣੀ ਵਿਚੋਂ ਹੀ ਉਸਦਾ ਇਕ ਮਾਡਲ ਨਿਰਮਤ ਹੁੰਦਾ ਜਾਂਦਾ ਹੈ। ਇਸੇ ਵਿਧੀ ਤੋਂ ਉਨ੍ਹਾਂ ਪਿਆਰ ਤੇ ਪਰਿਵਾਰ ਪੁਸਤਕ ਵਿਚ ਤਰਸੇਮ ਨੀਲਗਿਰੀ ਦੀਆਂ ਤਿੰਨ ਕਹਾਣੀਆਂ 'ਕਾਲਾ ਕੇਸੂ', 'ਸੰਗਚੂੜ' ਤੇ 'ਗੰਗਾ 'ਚੋਂ ਨਿਕਲੇ ਹੱਥ' ਅਤੇ ਮੇਰੀ ਪਸੰਦ ਪੁਸਤਕ ਵਿਚ ਉਸਦੇ ਨਾਟਕ ਛੜ੍ਹਿਆਂ ਦਾ ਗੀਤ ਦੀ ਪੜ੍ਹਤ ਤਿਆਰ ਕੀਤੀ ਹੈ। ਉਨ੍ਹਾਂ ਦੀ ਸਿਰਜਨਾਤਮਕ ਸਮਰੱਥਾ ਨੇ ਇਸ ਵਿਸ਼ਲੇਸ਼ਣ ਨੂੰ ਏਨਾ ਰਚਨਾਤਮਕ ਬਣਾ ਦਿੱਤਾ ਕਿ ਇਹ ਵਿਸ਼ਲੇਸ਼ਣ ਇਕ ਨਵਾਂ ਪਾਠ ਸਿਰਜਦਾ ਹੈ। ਉਹ ਇਸ ਪੱਖੋਂ ਪੂਰੇ ਸੁਚੇਤ ਵੀ ਸਨ ਤੇ ਉਤਰ-ਸੰਰਚਨਾਵਾਦੀ ਧਾਰਨਾਵਾਂ ਤੋਂ ਪ੍ਰਭਾਵਿਤ ਹੁੰਦਿਆਂ ਉਨ੍ਹਾਂ ਦਾ ਮੰਨਣਾ ਹੈ ਕਿ ਸਾਹਿਤ ਸੰਚਾਰ ਨਹੀਂ, ਪ੍ਰਸਾਰ ਹੈ ਤੇ ਸਾਹਿਤ-ਪਾਠ ਨਵੇਂ ਪਾਠ ਰਚਣ ਦਾ ਜ਼ਰੀਆ ਬਣਦਾ ਹੈ, ਜਿਸਨੂੰ ਉਹ ਅਨੁਪੂਰਕ-ਪਾਠ ਆਖਦੇ ਹਨ।

ਇਸ ਤਰ੍ਹਾਂ ਉਨ੍ਹਾਂ ਦੀ ਸਮੁੱਚੀ ਆਲੋਚਨਾ ਇਕ ਨਿਰੰਤਰ ਬਦਲਦੇ ਪੈਰਾਡਾਈਮ ਸਿਰਜਦੀ ਹੈ ਜਿਸ ਕਾਰਨ ਉਨ੍ਹਾਂ ਦੀ ਆਲੋਚਨਾ ਨੂੰ ਕਿਸੇ ਨਿਸ਼ਚਿਤ ਚੌਖਟੇ ਵਿਚ ਬੰਨਿਆਂ ਨਹੀਂ ਜਾ ਸਕਦਾ। ਇਨ੍ਹਾਂ ਬਦਲਦੇ ਪੈਰਾਡਾਈਮਾਂ ਵਿਚ ਸੰਰਚਨਾਵਾਦ, ਰੂਪਵਾਦ, ਅਮਰੀਕੀ ਨਵ-ਆਲੋਚਨਾ, ਚਿਹਨ ਵਿਗਿਆਨਕ ਤੇ ਮਨੋ-ਵਿਸ਼ਲੇਸ਼ਣ ਤੋਂ ਅੱਗੇ ਉਤਰ-ਸੰਰਚਨਾਵਾਦੀ ਤੇ ਵਿਰਚਨਾ ਵਿਧੀ ਤਕ ਦੀਆਂ ਅੰਤਰ-ਦ੍ਰਿਸ਼ਟੀਆਂ ਸਮਾਈਆਂ ਹੋਈਆਂ ਹਨ। ਉਨ੍ਹਾਂ ਸਭ ਅੰਤਰ-ਦ੍ਰਿਸ਼ਟੀਆਂ ਨੂੰ ਪੰਜਾਬੀ ਮੌਲਿਕ ਰੰਗ ਵਿਚ ਭਿਉਂ ਕੇ ਇਕ ਸੰਮਿਲਤ (ਇਨਕਲੂਸਿਵਨੈਸ) ਤੇ ਵਿਸਤ੍ਰਿਤ ਵਿਧੀ ਨੂੰ ਨਿਖਾਰਿਆ ਅਤੇ ਇਸੇ ਦ੍ਰਿਸ਼ਟੀ ਤੋਂ ਪੰਜਾਬੀ ਪਾਠਾਂ ਦਾ ਐਸਾ ਵਿਹਾਰਕ ਪਰਿਪੇਖ ਤਿਆਰ ਕੀਤਾ ਜੋ ਸਿਰਜਨਾਤਮਕ, ਸਾਪੇਖ ਤੇ ਪੁਨਰ-ਪੜ੍ਹਤ ਲਈ ਉਕਸਾਉਣ ਵਾਲਾ ਹੈ। ਇਸਦੀ 'ਮੁੰਦਾਵਣੀ' ਕਿਤੇ ਨਹੀਂ ਮੁੱਕਦੀ। ਇਹ ਡਾ. ਹਰਿਭਜਨ ਸਿੰਘ ਹੋਰਾਂ ਦੀ ਵਿਰਚਨਾਤਮਕ ਪੜ੍ਹਤ ਵਿਧੀ ਦਾ ਕਮਾਲ ਹੈ ਕਿ ਰਚਨਾ 'ਚੋਂ ਉਸਦੇ ਅਪਵਾਦ ਵੀ ਸਾਹਮਣੇ ਆਈ ਜਾਂਦੇ ਹਨ, ਉਸਦਾ ਸਭਿਆਚਾਰਕ ਵਿਵੇਕ ਵੀ ਲੱਭੀ ਜਾਂਦਾ ਹੈ ਅਤੇ ਇਥੋਂ ਰਚਨਾ 'ਚੋਂ ਹੀ ਉਸਦਾ ਮਾਡਲ ਵੀ ਉਭਰਦਾ ਜਾਂਦਾ ਹੈ। ਸੋ ਡਾ. ਹਰਿਭਜਨ ਸਿੰਘ ਦੀ ਆਲੋਚਨਾ ਨਾਲ ਜਿਥੇ ਪੰਜਾਬੀ ਚਿੰਤਨ ਵਿਚ ਇਕ ਨਵਾਂ ਅਧਿਆਇ ਆਰੰਭ ਹੋਇਆ, ਉਥੇ ਬਹੁਤੀ ਸਮਕਾਲੀ ਪੰਜਾਬੀ ਆਲੋਚਨਾ ਉਨ੍ਹਾਂ ਦੀ ਆਲੋਚਨਾ ਦੇ ਪ੍ਰਭਾਵ ਹੇਠ ਸਾਹਮਣੇ ਆਉਂਦੀ ਹੈ। ਇਹ ਉਨ੍ਹਾਂ ਦੀ ਵਿਦਵਤਾ ਦਾ ਕਮਾਲ ਹੈ ਕਿ ਅਜੋਕਾ ਅਧਿਐਨ ਤੇ ਅਧਿਆਪਨ ਵੀ ਉਨ੍ਹਾਂ ਦੇ ਚਿੰਤਨ ਦੇ ਪ੍ਰਭਾਵ ਤੋਂ ਅਜੇ ਤਕ ਮੁਕਤ ਨਹੀਂ ਹੋ ਸਕਿਆ।

ਸ਼ਾਇਦ ਕਈ ਦਹਾਕੇ ਅਜੇ ਹੋਰ ਨਾ ਹੋ ਸਕੇ!

### ਹਵਾਲੇ ਤੇ ਟਿੱਪਣੀਆਂ:


1. ਅਜੋਕੀ ਪੰਜਾਬੀ ਆਲੋਚਨਾ : ਸਥਿਤੀ ਤੇ ਪ੍ਰਗਤੀ, ਉਧਰਿਤ-**ਪੰਜਾਬੀ ਆਲੋਚਨਾ ਦਾ ਇਤਿਹਾਸ**, ਪੰਨਾ 108.
2. **ਮੁੱਲ ਤੇ ਮੁਲੰਕਣ**, 1972 ਪੰਨਾ 13.
3. **ਸਾਹਿਤ-ਸ਼ਾਸਤਰ** , 2002, ਪੰਨਾ 56.
4. **ਉਹੀ**, 2002, ਪੰਨਾ 56.
5. **ਨਾਗਮਣੀ**, ਫਰਵਰੀ 1971.

6. ਇਥੇ ਵੇਖਣ ਵਾਲੀ ਗੱਲ ਇਹ ਹੈ ਕਿ ਜੇਕਰ ਇਹ ਵਿਵਾਦ ਕਵਿਤਾ ਵਿਚ ਆ ਰਿਹਾ ਤਾਂ ਸਮਝਿਆ ਜਾ ਸਕਦਾ ਹੈ ਕਿ ਸਿਧਾਂਤਕ ਖੇਤਰ ਤੋਂ ਸਿਰਜਣਾਤਮਕ ਵੱਲ ਆ ਜਾਣਾ, ਇਹ ਕਿੰਨਾ ਗੰਭੀਰ ਮਸਲਾ ਬਣਦਾ। ਕਿਉਂਕਿ ਮੈਂ ਸਮਝਦਾ ਹਾਂ ਕਿ ਜਿਵੇਂ ਤੱਥਾਂ ਆਧਾਰਿਤ ਹੋਣ ਦੇ ਬਾਵਜੂਦ ਇਤਿਹਾਸ ਨਾਲੋਂ ਸਾਹਿਤ ਵਿਚ ਸੱਚ ਵਧੇਰੇ ਹੁੰਦਾ, ਉਸੇ ਤਰ੍ਹਾਂ ਆਲੋਚਨਾ ਨਾਲੋਂ ਸਿਰਜਣਾ ਵਿਚ ਵਧੇਰੇ ਸੱਚ ਕਿਹਾ ਜਾ ਸਕਦਾ, ਭਾਵੇਂ ਪ੍ਰਮਾਣਿਕ ਨਹੀਂ ਮੰਨਿਆਂ ਜਾਂਦਾ। ਕਵੀ ਦਿਲੋਂ ਤੇ ਸੰਕੇਤਾਂ ਚ ਕਹਿ ਰਿਹਾ ਹੁੰਦਾ। ਇਥੇ ਮੂੰਹ-ਲਿਹਾਜੀ ਜਾਂ ਡਿਕਟੇਟਰੀ ਡਰ ਘੱਟ ਜਾਂਦਾ ਜਾਂ ਫਿਰ ਹੁੰਦਾ ਨਹੀਂ।
7. https://www.punjabi-kavita.com/PunjabiPoetryWaryamSinghSandhu.php
   ਵਰਿਆਮ ਸੰਧੂ, ਨਪੁੰਸਕ ਸ਼ਾਇਰੀ ਦੇ ਨਾਂ (1971) ਪੂਰੀ ਕਵਿਤਾ ਇਥੇ ਦਿੱਤੀ ਜਾ ਰਹੀ ਹੈ:

ਇਹ ਕੇਹਾ ਪ੍ਰਸ਼ਨ ਹੈ 'ਦੋਸਤੋ'
ਇਹ ਜਾਣਦਾ ਹੋਇਆ ਵੀ
ਕਿ ਤੁਸੀਂ ਕੀ ਹੋ!
ਮੈਂ ਪੁੱਛਦਾ ਹਾਂ:
ਜਦ 'ਉਸ' ਮਰਦ ਨੇ ਮੱਥੇ ਦੀ ਰੇਖਾ
ਸ਼ਮਸ਼ੀਰ 'ਤੇ ਵਾਹੀ
ਤਾਂ ਜਿਨ੍ਹਾਂ ਪਾਗ਼ਲ ਕਿਹਾ ਉਸ ਨੂੰ
ਕਿਤੇ ਤੁਸੀਂ ਉਹ ਤਾਂ ਨਹੀਂ?
ਉਂਜ ਉਸ ਨੂੰ ਗੁਰੂ ਵੀ ਕਹਿ ਸਕਦੇ ਹੋ
ਕਿਉਂਕਿ ਤੁਸੀਂ ਗੁਰੂਆਂ ਦੇ ਵੀ ਗੁਰੂ ਹੋ।

ਇਹ ਕੇਹੀ ਅੱਖ ਹੈ 'ਦੋਸਤੋ'
ਜੋ ਉਡਵਾਇਰ ਦਾ ਖ਼ੂਨ
ਵਗਦਾ ਤੱਕ ਕੇ ਤਾਂ ਰੋ ਉਠੀ ਹੈ
ਪਰ ਜੱਲ੍ਹਿਆਂਵਾਲੇ ਦੀ
ਹਿੱਕ 'ਚੋਂ ਸਿੰਮਦਾ ਖ਼ੂਨ
ਜਿਸ ਨੂੰ ਨਜ਼ਰ ਨਹੀਂ ਆਉਂਦਾ।

ਇਹ ਕੇਹੀ ਸ਼ਾਇਰੀ ਹੈ
'ਅਰੋਗ ਵਕਤਾਂ' ਦੀ
ਜੋ ਆਪਣੇ ਤਨ ਦੀ ਤਪਦਿਕ ਨੂੰ
ਕੋਈ ਫ਼ਤਵਾ ਦੇਣ ਤੋਂ ਸੰਗਦੀ ਹੈ
ਤੇ ਜਿੱਥੇ ਇਨਾਮਾਂ, ਖ਼ਿਤਾਬਾਂ ਦੇ
ਜਰਾਸੀਮਾਂ ਦੀ ਖ਼ਰਾਇਤ ਮਿਲਦੀ ਹੈ
ਉਨ੍ਹਾਂ ਦਰਾਂ 'ਤੇ ਕਾਸਾ ਫੜ੍ਹ ਕੇ
ਕੁੱਬੇ ਲੱਕ ਦਿਨ ਰਾਤ ਖੰਘਦੀ ਹੈ
ਤੇ ਮੰਗਦੀ ਹੈ।

ਇਹ ਕੇਹੀ ਨਪੁੰਸਕ ਸੋਚ ਹੈ ਸ਼ਾਇਰੋ!
ਜੋ ਮੁਰਦੇ ਅਤੇ ਸ਼ਹੀਦ ਦਾ
ਅੰਤਰ ਮਿਟਾ ਕੇ
ਹਰ ਅੰਤਰ ਨੂੰ
ਨਿਰੰਤਰ ਕਾਇਮ ਰੱਖਣਾ ਚਾਹੇ
ਤੇ 'ਉਸ ਦੇ ਘਰ ਤੋਂ
ਆਪਣੀ ਘਰਵਾਲੀ ਦੇ ਘਰ ਤੱਕ'
ਜਿਸ ਦਾ ਸਫ਼ਰ ਮੁੱਕ ਜਾਵੇ

ਇਹ ਕੇਹੀ ਨਪੁੰਸਕ ਸੋਚ ਹੈ ਸ਼ਾਇਰੋ !
ਸ਼ਾਇਰੋ ! ਸ਼ਾਇਰੀ ਤਾਂ ਆਪ ਸੂਰਜ ਹੈ
ਇਹ ਕਬਰਾਂ 'ਤੇ ਜਗਦੇ ਦੀਵੇ 'ਚੋਂ
ਚਾਨਣ ਨਹੀਂ ਲੱਭਦੀ।

ਜਾਓ! ਪਹਿਲਾਂ ਧੜ 'ਤੇ
ਸੀਸ ਪੈਦਾ ਕਰ ਕੇ ਆਓ
ਤੇ ਐਵੇਂ ਸ਼ਾਇਰੀ ਦੇ ਨਾਂ ਨੂੰ ਲਾਜ ਨਾ ਲਾਓ !
ਸ਼ਾਇਰੀ ਤਾਂ ਆਪ ਸੂਰਜ ਹੈ।

8. ਪਾਸ਼, ਹਾਂ ਉਦੋਂ, **ਉੱਡਦੇ ਬਾਜ਼ਾਂ ਮਗਰ**, 1974, ਪੰਨਾ 34.
9. ਉਹੀ, ਇਨਕਾਰ, **ਸਾਡੇ ਸਮਿਆਂ ਵਿਚ**, 1978, ਪੰਨਾ 7.
10. ਡਾ. ਜਗਤਾਰ, ਫ਼ੈਸਲਾ, **ਲਹੂ ਦੇ ਨਕਸ਼**, 1973 (ਅਣਮੁਕ ਸਫ਼ਰ, ਪੰਨਾ 400)
11. **ਰੂਪਕੀ**, 1976, ਪੰਨਾ 13.

◈